ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ
ਦਫ: ਉੱਪ ਮੁੱਖ ਇੰਜੀ:/ ਐੱਚ ਆਰ ਅਤੇ ਪ੍ਰਬੰਧਕੀ ਸੰਸਥਾ, ਸ਼ਕਤੀ ਸਦਨ ਪਟਿਆਲਾ।
ਫੈਕਸ ਨੰ:- 0175 -2220054 ਟੈਲੀਫੂਨ ਨੰ:-0175-2370693 ਵੈਬਸਾਇਟ : pstcl.org

ਵੱਲ

1) ਮੁੱਖ ਇੰਜ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
2) ਉੱਪ ਸਕੱਤਰ/ਅਮਲਾ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 24996/97 /Sen./Elect./G-1/20 ਮਿਤੀ: 30/12/22

ਵਿਸ਼ਾ:- ਇਲੈਕਟ੍ਰੀਸ਼ਨ-ਗ੍ਰੇਡ-1 ਕਰਮਚਾਰੀਆਂ ਦੀ ਮਿਤੀ 01.08.18 ਤੋਂ 31.01.21 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕਰਨ ਸਬੰਧੀ।

ਉਪਰੋਕਤ ਦੇ ਸਬੰਧ ਵਿੱਚ ਇਸ ਦਫ਼ਤਰ ਵੱਲੋਂ ਮੀਮੋ ਨੰ: 22540/41 ਮਿਤੀ 15.11.2022 ਰਾਹੀਂ ਪੀ.ਐਸ.ਟੀ.ਸੀ.ਐਲ ਵੱਲੋਂ ਨਿਯੁਕਤ ਕੀਤੇ ਇਲੈਕਟ੍ਰੀਸ਼ਨ-ਗ੍ਰੇਡ-1 ਕਰਮਚਾਰੀਆਂ ਦੀ ਮਿਤੀ 01.08.18 ਤੋਂ 31.01.21 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ pstcl.org ਤੇ ਉਪਲੱਬਧ ਲਿੰਕ information>seniority list ਤੇ ਅਪਲੋਡ ਕਰਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਕਰਮਚਾਰੀਆਂ ਦੇ ਸੇਵਾ ਵੇਰਵੇ ਅਤੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸਦੀਕ ਕਰਦੇ ਹੋਏ ਜੇਕਰ ਕਿਸੇ ਕਰਮਚਾਰੀ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ 1 ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਗਿਆ ਸੀ ਕਿ ਇਹ ਟੈਨਟੇਟਿਵ ਸੀਨੀਆਰਤਾ ਸੂਚੀ ਇਲੈਕਟ੍ਰੀਸ਼ਨ-ਗ੍ਰੇਡ-1 ਕਰਮਚਾਰੀਆਂ ਤੋਂ ਨੋਟ ਕਰਵਾ ਲਈ ਜਾਵੇ। ਜੇਕਰ ਕੋਈ ਕਰਮਚਾਰੀ ਇਹ ਅਨੁਭਵ ਕਰੇ ਕਿ ਉਸ ਨੂੰ ਸੀਨੀਆਰਤਾ ਨੰਬਰ ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਇਸ ਸਬੰਧੀ ਆਪਣੀ ਪ੍ਰਤੀਬੇਨਤੀ, ਸੂਚੀ ਜਾਰੀ ਹੋਣ ਦੀ ਮਿਤੀ ਤੋ 1 ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਭੇਜੇ।

ਇਸ ਸਬੰਧੀ ਇਸ ਦਫਤਰ ਨੂੰ ਹੁਣ ਤੱਕ ਕੋਈ ਵੀ ਇਤਰਾਜ ਪ੍ਰਾਪਤ ਨਹੀਂ ਹੋਇਆ, ਇਸ ਲਈ ਇਸ ਦਫਤਰ ਵੱਲੋਂ ਪਹਿਲਾ ਜਾਰੀ ਕੀਤੀ ਇਲੈਕਟ੍ਰੀਸ਼ਨ-ਗ੍ਰੇਡ-1 ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕੀਤਾ ਜਾਂਦਾ ਹੈ:-

(1) ਇਸ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫੈਸਲੇ, ਜੇ ਕਰ ਕੋਈ ਹੋਣ, ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।
(2) ਜੇਕਰ ਕਿਸੇ ਵੀ ਕਰਮਚਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।
(3) ਜੇਕਰ ਕਿਸੇ ਵੀ ਕਰਮਚਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤੱਸਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਨੱਥੀ/ ਇਲੈਕਟ੍ਰੀਸ਼ਨ-ਗ੍ਰੇਡ-1 ਦੀ
ਅੰਤਿਮ ਸੀਨੀਆਰਤਾ ਸੂਚੀ।

30/12/2022

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

ਇਲੈਕਟ੍ਰੀਸੀਅਨ ਗ੍ਰੇਡ-1 ਕਰਮਚਾਰੀਆਂ ਦੀ ਅੰਤਿਮ ਸੀਨੀਆਰਤਾ (ਸਮਾਂ 01.08.2018 ਤੋਂ 31.01.2021 ਤੱਕ) ਸੂਚੀ

| ਲੜੀ ਨੰ: | ਕਰਮਚਾਰੀ ਦਾ ਨਾਂ (ਸ਼੍ਰੀ) | ਪਿਤਾ ਦਾ ਨਾਂ (ਸ਼੍ਰੀ) | ਆਈ. ਡੀ. ਨੰ: | ਸੀਨੀ: ਨੰ: ਬਤੌਰ EG-2 | ਸੀਨੀ: ਨੰ: ਬਤੌਰ EG-1 | ਜਨਮ ਦੀ ਮਿਤੀ | PSTCL ਵਿੱਚ ਹਾਜਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਲੱਗਣ ਦੀ ਮਿਤੀ | ਸ਼੍ਰੇਣੀ | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| 1 | ਰੁਪਿੰਦਰ ਸਿੰਘ | ਬਲਰਾਜ ਸਿੰਘ | 604012 | 9 | 9 | 09.01.90 | 24.01.14 | 08.01.21 | ਜਨਰਲ | -- |

**ਫੁੱਟ ਨੋਟ (ਅਨੁਸੂਚਿਤ ਜਾਤੀ)**

ਹੇਠ ਲਿਖੇ ਕਰਮਚਾਰੀ ਜੋ ਕਿ ਅਨੁਸੂਚਿਤ ਜਾਤੀ ਕੋਟੇ ਅਧੀਨ ਰਿਜਰਵੇਸ਼ਨ ਦੇ ਅਧਾਰ ਤੇ ਬਤੌਰ ਇਲੈਕਟ੍ਰੀਸ਼ਨ-ਗ੍ਰੇਡ 1 ਪਦ-ਉੱਨਤ ਹੋ ਚੁੱਕੇ ਹਨ, ਨੂੰ ਪਰਸਪਰ ਸੀਨੀਆਰਤਾ ਉਹਨਾਂ ਦੇ ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀ ਦੇ ਇਲੈਕਟ੍ਰੀਸ਼ਨ-ਗ੍ਰੇਡ 1 ਪਦ-ਉੱਨਤ ਬਾਅਦ ਹੀ ਅਲਾਟ ਕੀਤੀ ਜਾਵੇਗੀ।

| ਲੜੀ ਨੰ: | ਕਰਮਚਾਰੀ ਦਾ ਨਾਂ (ਸ਼੍ਰੀ) | ਪਿਤਾ ਦਾ ਨਾਂ (ਸ਼੍ਰੀ) | ਆਈ. ਡੀ. ਨੰ: | ਸੀਨੀ: ਨੰ: ਬਤੌਰ EG-2 | ਸੀਨੀ: ਨੰ: ਬਤੌਰ EG-1 | ਜਨਮ ਦੀ ਮਿਤੀ | PSTCL ਵਿੱਚ ਹਾਜਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਲੱਗਣ ਦੀ ਮਿਤੀ | ਸ਼੍ਰੇਣੀ | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| 1 | ਗੁਰਵਿੰਦਰ ਸਿੰਘ | ਬਲਕਾਰ ਸਿੰਘ | 604022 | 19 | FN-3 | 10.10.87 | 30.01.14 | 07.01.21 | ਅ:ਜਾਤੀ | -- |

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ, ਪਟਿਆਲਾ